International Journal of Professional Development
Vol.9, No.2, July-Dec.2020 ISSN: 2277-517X (Print), 2279-0659 (Online)
Impact Factor 2.923 (IFSIJ)

# ਭਾਰਤੀ ਸਭਿਆਚਾਰ ਦੀ ਵਿਲੱਖਣਤਾ: ਇੱਕ ਸੰਖੇਪ

**ਸੰਤੋਸ਼ ਕੁਮਾਰੀ**
ਰਿਸਰਚ ਸਕਾਲਰ,ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ (ਪੰਜਾਬ)

ਹਰ ਦੇਸ਼ ਦੀ ਸੰਸਕ੍ਰਿਤੀ ਵਿੱਚ ਉਥੋਂ ਦੀ ਹਜ਼ਾਰਾਂ ਸਾਲਾਂ ਦੀ ਵਿਰਾਸਤ ਸ਼ਾਮਿਲ ਹੁੰਦੀ ਹੈ, ਜਿਸ ਵਿੱਚੋਂ ਉੱਥੋਂ ਦੇ ਪ੍ਰਾਚੀਨ ਰੀਤੀ-ਰਿਵਾਜ਼ਾਂ, ਪਰੰਪਰਾਵਾਂ ਤੇ ਵਿਚਾਰਾਂ ਦਾ ਸੁਖੱਜਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਦੁਨਿਆ ਦੇ ਇਤਿਹਾਸ ਵਿੱਚ ਭਾਰਤੀ ਸੰਸਕ੍ਰਿਤੀ ਦਾ ਬੜਾ ਹੀ ਡੂੰਗਾ ਮਹੱਤਵ ਹੈ ਕਿਉਂਕਿ ਭਾਰਤੀ ਸੰਸਕ੍ਰਿਤੀ ਵਿਸ਼ਵ ਦੀ ਸਭ ਤੋਂ ਪੁਰਾਣੀ ਸੰਸਕ੍ਰਿਤੀਆਂ ਵਿੱਚੋਂ ਇੱਕ ਹੈ। ਭਾਰਤੀ ਸੰਸਕ੍ਰਿਤੀ ਵਿੱਚ ਵਿਦਮਾਨ ਧਰਮ ਅਸਿਆਤਮ, ਲਲੀਤ ਕਲਾਵਾਂ, ਗਿਆਨ-ਵਿਗਿਆਨ, ਵਿਧੀ-ਵਿਧਾਨ ਆਦਿ ਇਸ ਨੂੰ ਹੋਰ ਵੀ ਵਿਸ਼ੇਸ਼ਤਾ ਪ੍ਰਦਾਨ ਕਰਦੇ ਹਨ। ਭਾਰਤੀ ਸੰਸਕ੍ਰਿਤੀ ਦਾ ਆਰੰਭ ਤੋਂ ਹੀ ਆਪਣਾ ਵਿਕਾਸ ਕ੍ਰਮ ਰਿਹਾ ਹੈ। ਇਸ ਵਿਕਾਸ ਕ੍ਰਮ ਵਿੱਚ ਭਾਰਤੀ ਸੰਸਕ੍ਰਿਤੀ ਹੋਰ ਵੀ ਕਈ ਸੰਸਕ੍ਰਿਤੀਆਂ ਦੇ ਸਮਸਰਲ ਵਿੱਚ ਆਉਣ ਦੇ ਬਾਵਜੂਦ ਵੀ ਆਪਣੇ ਨਿੱਜੀ ਸਥਾਨ ਤੋਂ ਅੱਡ ਨਹੀਂ ਹੋਈ।

**ਸੰਸਕ੍ਰਿਤੀ ਬਾਰੇ ਚਿੰਤਕਾਂ ਦੇ ਵਿਚਾਰ ਅਤੇ ਪੂਰਵੀ ਪੱਛਮੀ ਚਿੰਤਕਾ ਦੇ ਵਿਚਾਰ:**

ਮੈਥਿਯੂ ਆਰਨੋਲਡ ਅਨੁਸਾਰ, ਕਿਸੀ ਸਮਾਜ ਅਤੇ ਰਾਸ਼ਟਰ ਦੀਆਂ ਉਹ ਸ਼੍ਰੇਸ਼ਟ ਉਪਲਬਧੀਆਂ ਹੀ ਸੰਸਕ੍ਰਿਤੀ ਹਨ, ਜਿਹਨਾਂ ਤੋਂ ਕਿਸੇ ਸਮੇਂ ਸਮਾਜ ਅਤੇ ਰਾਸ਼ਟਰ ਦੀ ਵਿਸ਼ੇਸ਼ ਪਹਿਚਾਣ ਬਣਦੀ ਹੈ। ਬ੍ਰੈਡ ਫੋਰਡ ਸਮਿਥ ਅਨੁਸਾਰ 'ਸੰਸਕ੍ਰਿਤੀ ਦਾ ਅਰ

ਥ ਕਿਸੇ ਸਮਾਜ ਦੀ ਜੀਵਨ ਪੱਧਤੀ ਹੈ ਜਿਸ ਵਿੱਚ ਉਸਦੀ ਸ਼ਿਲਪ ਕਲਾਂ, ਵਿਸ਼ਵਾਸ ਅਤੇ ਮਾਨਤਾਵਾਂ, ਸੰਠਿਤ ਗਿਆਨ ਅਤੇ ਉਹ ਕੀਮਤਾਂ ਵੀ ਆ ਜਾਂਦੀਆਂ ਹਨ, ਜਿਨ੍ਹਾਂ ਲਈ ਉਸ ਸਮਾਜ ਦੇ ਮੈਂਬਰ ਜੀਉਂਦੇ ਹਨ। ਹਜਾਰੀ ਪ੍ਰਸਾਦ ਦਿਵੇਕੀ ਦੇ ਕਹਿਣ ਅਨੁਸਾਰ ਮਨੁੱਖ ਦੀਆਂ ਸ਼੍ਰੇਸ਼ਟ ਸਮਾਨਤਾਵਾਂ ਹੀ ਸੰਸਕ੍ਰਿਤੀ ਹਨ। ਕਿਉਂਕਿ ਤਰ੍ਹਾਂ ਦੀਆਂ ਧਾਰਮਿਕ ਸਮਾਨਤਾਵਾਂ ਕਲਾਤਮਿਕ ਜਤਨਾਂ ਅਤੇ ਸੇਵਾ, ਭਗਤੀ ਅਤੇ ਯੋਗ ਮੂਲਕ ਅਨੁਭੂਤੀਆਂ ਦੇ ਅੰਦਰ ਮਨੁੱਖ ਉਸ ਮਹਾਨ ਮੁੱਦ ਦੇ ਵਿਆਪਕ ਅਤੇ ਪੂਰਨ ਰੂਪ ਨੂੰ ਪ੍ਰਾਪਤ ਕਰਦਾ ਜਾ ਰਿਹਾ ਹੈ। ਜਿਸ ਨੂੰ ਅਸੀਂ ਸੰਸਕ੍ਰਿਤੀ ਸ਼ਬਦ ਕਹਿੰਦੇ ਹਾ

ਯੂਨੇਸਕੋ ਦੇ ਅਨੁਸਾਰ, "ਸੰਸਕ੍ਰਿਤੀ ਨੂੰ ਆਮ ਤੌਰ ਤੇ ਕਲਾ ਦਾ ਹੀ ਰੂਪ ਮਿਲਿਆ ਜਾਂਦਾ ਹੈ। ਰੇਡਫ਼ਲੀਤ ਦੇ ਅਨੁਸਾਰ, "ਸੰਸਕ੍ਰਿਤੀ ਕਲਾ ਅਤੇ ਵਸਤੂਕਲਾ ਵਿੱਚ ਸਪੱਸ਼ਟ ਹੋਣ ਵਾਲੇ ਪਰੰਪਰਾਗਤ ਗਿਆਨ ਦਾ ਉਹ ਸੰਗਠਿਤ ਰੂਪ ਹੈ ਜਿਹੜਾ ਪਰੰਪਰਾ ਵਿੱਚ ਬੱਝ ਕੇ ਵੀ ਮਨੁੱਖੀ-ਜੀਵਨ ਦੀ ਵਿਸ਼ੇਸ਼ਤਾ ਬਣ ਜਾਂਦਾ ਹੈ।"

ਪ੍ਰਸਿੱਧ ਵਿਦਵਾਨ ਰਾਮਧਾਰੀ ਸਿੰਘ ਦਿਨਕਰ ਅਨੁਸਾਰ, "ਸੰਸਕ੍ਰਿਤੀ ਅਜਿਹਾ ਗੁਣ ਹੈ ਜਿਹੜਾ ਸਾਡੇ ਜੀਵਨ ਵਿੱਚ ਛਾਇਆ ਹੋਇਆ ਹੈ। ਇਕ ਆਤਮਿਕ ਗੁਣ, ਜਿਹੜਾ ਸੁਭਾਅ ਅੰਦਰ ਉਸੀ ਤਰ੍ਹਾਂ ਵਿਆਪਕ ਹੈ, ਜਿਵੇਂ ਫੁੱਲਾਂ ਵਿੱਚ ਸੁਗੰਧ ਅਤੇ ਦੁੱਧ ਵਿੱਚ ਮੱਖਣ, ਇਸ ਦਾ ਨਿਰਮਾਣ ਇੱਕ ਜਾਂ ਦੋ ਦਿਨ ਵਿੱਚ ਨਹੀਂ ਸਗੋਂ ਯੁੱਗਾਂ-ਯੁਗਾਤਰਾਂ ਵਿੱਚ ਹੁੰਦਾ ਹੈ।" ਭਾਰਤੀ ਸੰਸਕ੍ਰਿਤੀ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸਦੀ ਪ੍ਰਾਚੀਨ ਕੜੀਆਂ ਅਜੋਕੇ ਸਮੇਂ ਵਿੱਚ ਵੀ ਪੂਰੇ ਭਾਰਤ ਨੂੰ ਇੱਕ ਸੂੱਤਰ ਵਿੱਚ ਬੰਨ ਕੇ ਰੱਖਦੀ ਹੈ।

ਉਪਰੋਕਤ ਵਿਦਵਾਨਾਂ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਨੂੰ ਆਧਾਰ ਬਣਾ ਕੇ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸੰਸਕ੍ਰਿਤੀ ਤੋਂ ਭਾਵ ਕਿਸੇ ਖਿੱਤੇ ਦੇ ਸਮੂਹ ਦੁਆਰਾ ਸਿਰਜੀ ਗਈ ਵਿਸ਼ੇਸ਼ ਜੀਵਨ ਜਾਂਚ ਤੋਂ ਹੈ, ਜੋ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਵਿਰਸੇ ਵਿੱਚ ਪ੍ਰਾਪਤ ਹੁੰਦੀ ਹੈ, ਇਸ ਵਿੱਚ ਉਥੋਂ ਦੇ ਲੋਕਾਂ ਦੀਆਂ ਸਦਾਚਾਰਕ ਕੀਮਤਾਂ, ਧਾਰਮਿਕ ਵਿਸ਼ਵਾਸ, ਰੀਤੀ-ਰਿਵਾਜ਼, ਲੋਕ-ਕਲਾਵਾਂ, ਮਾਨਤਾਵਾਂ ਤੇ ਸੰਚਿਤ ਗਿਆਨ ਸ਼ਾਮਿਲ ਹੁੰਦਾ ਹੈ। ਸੰਸਕ੍ਰਿਤੀ ਮਾਨਵਜਾਤੀ ਦੀ ਉਹ ਰਚਨਾ ਹੈ ਜਿਹੜੀ ਸਮਾਜ ਵਿੱਚ ਭਾਈਚਾਰੇ ਦੀ ਭਾਵਨਾ ਪੈਦਾ ਕਰਦੀ ਹੈ।

**ਸੰਸਕ੍ਰਿਤੀ ਅਤੇ ਸਭਿਆਚਾਰ:**

ਬਹੁਤ ਸਾਰੇ ਵਿਅਕਤੀ ਸੰਸਕ੍ਰਿਤੀ, ਸਭਿਆਚਾਰਕ ਅਤੇ ਸਭਿਅਤਾ ਨੂੰ ਇਕ ਮੰਨ ਲੈਂਦੇ ਹਨ ਪਰ ਵਾਸਤਵ ਵਿੱਚ ਸੰਸਕ੍ਰਿਤੀ ਅਤੇ ਸੰਸਕ੍ਰਿਤੀ ਦੀ ਤਰ੍ਹਾਂ ਹੀ ਸਭਿਅਤਾ ਅਤੇ ਸਭਿਆਚਾਰ ਵਿੱਚ ਸੂਖਮ ਅੰਤਰ ਹੈ। ਡਾ. ਦੇਵਿੰਦਰ ਦੀਪ ਦਾ ਕਥਨ ਹੈ ਕਿ 'ਸਭਿਅਤਾ ਬਾਹਰ ਮੁਖੀ ਅਤੇ (Objective) ਸਭਿਆਚਾਰ ਅੰਤਰ ਮੁੱਖੀ (Subjective) ਹੈ। ਸਭਿਅਤਾ ਮਨੁੱਖ ਦੀਆਂ ਉਹ ਚੇਸ਼ਟਾਵਾਂ ਹਨ, ਜਿੰਨ੍ਹਾਂ ਦਾ ਸਬੰਧ ਉਸ ਦਿਆਂ ਚਾਰ ਇੱਕ ਅੰਦਰਲੀ ਵਸਤੂ ਹੈ। (Inwari) ਇਹ ਅਤੇ ਮਨ ਅਤੇ ਬੁੱਧੀ ਦਾ ਮੈਦਾਨ ਹੈ। ਸੰਗੀਤ, ਕਵਿਤਾ, ਸਾਹਿਤ, ਧਰਮ ਅਤੇ ਹੋਰ ਕਲਾਵਾਂ ਮਨ ਦੀ ਸੁੰਦਰਤਾ ਦਾ ਨਤੀਜਾ ਹਨ, ਸਭਿਆਚਾਰਕ ਨੂੰ ਅਸੀਂ ਵਿਅਕਤੀਗਤ ਅਤੇ ਸਭਿਅਤਾ ਨੂੰ ਸਮੂਹਿਕਗਤ ਵੀ ਕਹਿ ਸਕਦੇ ਹਾਂ ਸਮੂਹੀ ਗਤ ਵੀ ਕਹਿ ਸਕਦੇ ਹਾਂ।

ਵਿਦਵਾਨਾਂ ਅਨੁਸਾਰ, "ਸਭਿਅਤਾ ਕਿਸੇ ਸਮੁਦਾਏ ਜਾਂ ਸਮਾਜ ਦੇ ਸਮੁੱਚੇ ਵਿਵਹਾਰਕ ਪੈਟਰਨ (Behavioral Pattern) ਨੂੰ ਕਹਿੰਦੇ ਹਨ। ਇਸ ਪੈਟਰਨ ਦੇ ਨਿਕਾਸ ਤੇ ਵਿਕਾਸ ਵਿੱਚ ਉਸ ਸਮੁਦਾਏ ਦਾ ਸਮਾਜ ਦਾ ਧਰਮ, ਦਰਸ਼ਨ, ਵਿੱਦਿਅਕ, ਆਦਰਸ਼, ਕਾਨੂੰਨ, ਰੀਤੀ-ਰਿਵਾਜ ਆਦਿ ਵੀ ਸਮੁੱਚੇ ਗਿਆਨ ਦੀ ਅਹਿਮ ਭੂਮਿਕਾ ਹੁੰਦੀ ਹੈ। ਸਭਿਆਚਾਰ ਮਨੁੱਖ ਦੇ ਵਿਵਹਾਰ ਤੋਂ ਬਣਦਾ ਹੈ। ਡਾ. ਧਰਮਿੰਦਰ ਸਿਘ ਦਾ ਕਥਨ ਹੈ ਕਿ 'ਸਭਿਆਚਾਰ ਇੱਕ ਅਟੁੱਟ, ਪੂਰਨ ਇਕਾਈ ਹੈ। ਜਿਸ ਵਿੱਚ ਸਾਂਝੇ ਸਮਾਨ, ਖਪਤ ਪਦਾਰਕ ਵੱਖ-ਵੱਖ ਸਮਾਜਿਕ ਸਮੂਹਿਕਤਾਵਾਂ ਦੇ ਵਿਸ਼ੇਬ ਅਧਿਕਾਰ, ਮਨੁੱਖੀ ਆਰਦਸ਼ ਤੇ ਹੁਨਰ, ਵਿਸ਼ਵਾਸ ਅਤੇ ਰਿਵਾਜ਼ ਸ਼ਾਮਲ ਹਨ।"

ਸਭਿਆਚਾਰ ਦੇ ਗਹਿਰੇ ਅਰਥ ਸਪੱਸ਼ਟ ਕਰਦਿਆ ਡਾ. ਜਗਬੀਰ ਸਿੰਘ ਦੱਸਦੇ ਹਨ ਕਿ 'ਸਭਿਆਚਾਰ ਮਨੁੱਖ ਦੀ ਹੋਂਦ ਵਿਧੀ ਦਾ ਉਹ ਬੁਨਿਆਦੀ ਲੱਛਨ ਹੈ ਜੋ ਉਸਨੂੰ ਸਮੂਹ ਪ੍ਰਾਣੀ ਜਗਤ ਨਾਲੋਂ ਸਜਿਹੇ ਹੀ ਨਿਖੇੜ ਦਿੰਦੀ ਹੈ। ਜਿੱਥੇ ਹੋਰ ਸਾਰੇ ਪ੍ਰਾਣੀ ਪ੍ਰਕਿਰਤੀ ਦੇ ਪ੍ਰਚੱਤ ਸੰਸਾਰ ਵਿੱਚ ਰਹਿ ਕੇ ਪ੍ਰਕਿਰਤੀ ਦੇ ਇਸ ਵਿਰਾਟ ਸੰਸਾਰ ਵਿੱਚ ਵਿਚਰਦਾ ਹੋਇਆ ਵੀ ਆਪਣੀ ਸਿਰਜਨਕਾਰੀ ਪ੍ਰਤਿਭਾ ਰਾਹੀਂ ਅਰਥਾਂ ਅਤੇ ਮੁੱਲਾਂ ਸੁਪਨਿਆਂ ਅਤੇ ਯਾਦਾਂ ਆਦਰਸ਼ਾਂ ਅਤੇ ਤੁਦੰਸ਼ਾਂ ਦਾ ਇਕ ਨਿਵੇਕਲਾ ਸੰਸਾਰ ਉਸਾਰ ਲੈਂਦਾ ਹੈ ਜੋ ਉਸਦੇ ਸਮੁੱਚੇ ਅਚਾਰ-ਵਿਹਾਰ ਨੂੰ ਸਾਰਥਕਤਾ ਪ੍ਰਦਾਨ ਕਰਦਾ ਹੈ। ਇਹ ਮਾਨਵ ਸਿਰਜਿਤ ਸੰਸਾਰ ਹੀ ਸਭਿਆਚਾਰ ਦਾ ਸੰਸਾਰ ਹੈ, ਜਿੱਥੇ ਵਸਤੂ-ਜਗਤ ਦੀ ਬਸਤ ਇੱਕਠਾ ਯਥਾਰਥ ਦਰੂਪ ਧਾਰਕੇ ਸਾਹਮਣੇ ਆਉਂਦੀ ਹੈ।

Vol.9, No.2, July-Dec.2020

ਸਭਿਆਚਾਰਕ ਆਪਣੇ ਸ਼ਾਬਦਿਕ ਪੱਖ ਤੋਂ ਜਿੰਨ੍ਹਾਂ ਸਰਲ ਅਤੇ ਇਕਹਿਰਾ ਲਗਦਾ ਹੈ, ਸੰਕਲਧਾਤਮਿਕ ਪੱਖ ਤੋਂ ਉਨ੍ਹਾਂ ਦੀ ਜਟਿਲ, ਗਹਿਰਾ ਅਤੇ ਵਿਸ਼ਾਲ ਅਰਥ ਖੇਤਰ ਵਾਲਾ ਹੈ। ਮਨੁੱਖ ਦੀ ਸਮਾਜਕ ਹੋਂਦ ਕਾਰਨ ਸਭਿਆਚਾਰ ਉਸ ਦੀ ਇੱਕ ਅਜਿਹੀ ਵਿਲੱਖਣ ਪ੍ਰਾਪਤੀ ਵਜੋਂ ਜਾਣਿਆ ਜਾਂਦਾ ਹੈ। ਜੇਹੜਲ ਨ ਕੇਵਲ ਉਸ ਨੂੰ ਪ੍ਰਕਿਰਤੀ ਦੇ ਬਾਕੀ ਜੀਵ-ਜੰਤੂਆਂ ਤੋਂ ਅਲੱਗ ਕਰਦੀ ਹੈ, ਸਗੋਂ ਵਿਭਿੰਨ ਮਨੁੱਖਾਂ, ਮਨੁੱਖੀ ਸਮਹਾਂ ਅਤੇ ਉਪ-ਸਮੂਹਾਂ ਵਿਚਕਾਰ ਸਾਂਝ ਅਤੇ ਵੱਖਰੇਵੇਂ ਦੇ ਲੱਛਣ ਵੀ ਨਰਧਾਰਿਤ ਕਰਦੀ ਹੈ। ਸਭਿਆਚਾਰ ਭਾਵੇ ਮਨੁੱਖੀ ਚੇਤਨਾ ਦੇ ਪਹਿਲੇ ਪੜ੍ਹਾਅ ਤੋ ਹੀ ਹੋਂਦ ਵਿੱਚ ਆ ਗਿਆ ਸੀ, ਪਰੰਤੂ ਇਸਦੇ ਵਿਗਿਆਨਕ ਅਧਿਐਨ ਦਾ ਕਾਰਜ ਆਧੁਨਿਕ ਯੁੱਗ ਵਿੱਚ ਹੀ ਸ਼ੁਰੂ ਹੋਇਆ ਹੈ। ਮਨੁੱਖ ਸਮਾਜ ਵਿੱਚ ਸਭਿਆਚਾਰ ਸੁਲਝੇ ਵਤੀਰੇ ਦੇ ਅਰਥਾਂ ਤੋਂ ਲੈ ਕੇ ਸਮੁੱਚੇ ਵਤੀਰੇ ਦੇ ਅਰਥਾਂ ਤਕ ਅਨੇਕਾਂ ਸੰਦਰਭਾਂ ਵਿੱਚ ਪ੍ਰਯੋਗ ਹੁੰਦਾ ਹੈ। ਸਭਿਆਚਾਰ ਦੇ ਅਰਥ ਖੇਤਰ ਨੂੰ ਸਪੱਸ਼ਟ ਕਰਦਿਆਂ ਐਡਵਰਡ ਬੀ. ਟਾਇਲਰ ਦੱਸਦੇ ਹਨ ਕਿ ਮਨੁੱਖ ਦੀਆਂ ਵਿਲੱਖਣ ਯੋਗਤਾਵਾਂ ਅਤੇ ਸਮਰਥਾਵਾਂ ਦੇ ਅਜਿਹੇ ਜਟਿਲ ਮਨੁੱਖ ਨੂੰ ਸਭਿਆਚਾਰ ਮੰਨਦਾ ਹੈ ਜੋ ਉਸ ਸਮਾਜ ਦਾ ਮੈਂਬਰ ਹੋਣ ਕਾਰਣ ਪ੍ਰਾਪਤ ਹੁੰਦੀਆਂ ਹਨ। ਅਮਰੀਕੀ ਮਾਨਵ ਵਿਗਿਆਨੀ ਹਿਰਸਕੋਵਿਸਤ ਸਭਿਆਚਾਰ ਨੂੰ ਵਰਤਮਾਨ ਦਾ ਮਨੁੱਖ ਸਿਰਜਿਆ ਭਾਗ ਜਾਂ ਮਨੁੱਖੀ ਵਿਵਹਾਰ ਦਾ ਸਿੱਖਿਆ ਹੋਇਆ ਭਾਗ ਮੰਨਦਾ ਹੈ।"

**ਸਭਿਆਚਾਰ ਅਤੇ ਸਮਾਜ:**

ਮਨੁੱਖੀ ਜਾਤੀ ਦੇ ਸੰਦਰਭ ਵਿੱਚ ਇੱਕ ਅਟਲ ਸੱਚਾਈ ਇਹ ਹੈ ਕਿ ਸਾਰੇ ਮਨੁੱਖੀ ਸਮੂਹ ਸਭਿਆਚਾਰ ਰੱਖਦੇ ਹਨ ਕੋਇ ਵੀ ਸਮੂਹ ਭਾਵੇ ਉਹ ਵਿਕਾਸ ਦੇ ਕਿਸੇ ਵੀ ਪੜ੍ਹਾਅ ਉੱਤੇ ਹੋਵੇ ਸਭਿਆਚਾਰ ਤੋਂ ਸੱਖਣਾ ਨਹੀ ਹੁੰਦਾ ਹੈ। ਸਭਿਆਚਾਰ ਮਨੁੱਖੀ ਸਮਾਜ ਦੇ ਵਿਕਾਸ ਦੀ ਇਕ ਅਜਿਹੀ ਪ੍ਰਕਿਰਿਆ ਹੈ, ਜਿਸ ਦੇ ਵਿਭਿੰਨ ਤੱਤ ਹਰ ਪੀੜ੍ਹੀ ਨੂੰ ਚਿੰਨਤਾਮਕ ਆਦਾਨ ਪ੍ਰਦਾਨ ਰਾਹੀਂ ਪ੍ਰਾਪਤ ਹੁੰਦੇ ਹਨ।

ਸਭਿਆਚਾਰ ਕਿਉਂਕਿ ਪੀੜ੍ਹੀ-ਦਰ-ਪੀੜ੍ਹੀ ਬੋਲਾਂ, ਸੰਕਤਾਂ ਅਤੇ ਇਹਨਾਂ ਰਾਹੀਂ ਗ੍ਰਹਿਣ ਹੁੰਦਾ ਹੈ ਅਤੇ ਅੱਗੇ ਤੋਰਿਆ ਜਾਂਦਾ ਹੈ। ਸਭਿਆਚਾਰ ਵਿਸ਼ਲੇਸ਼ਣ ਸਮੇਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਵੱਧ-ਵੱਧ ਮਨੁੱਖੀ ਸਮੂਹ ਆਪਣੇ-ਆਪਣੇ ਯਥਾਰਥ ਬੋਧ ਅਨੁਸਾਰ ਵਿੱਚ ਵਿਭਿੰਨ ਢੰਗਾ ਨਾਲ ਪ੍ਰਕਿਤਿਕ ਵਾਤਾਵਰਨ ਨੂੰ ਆਪਦੇ ਅਨੁਕੂਲ ਢਾਲਣ ਲਈ ਯਤਨ ਕਰਦੇ ਹਨ। ਵੱਖ-ਵੱਖ ਪਕ੍ਰਿਤਿਕ ਹਾਲਤਾਂ ਅਤ ਉਹਨਾਂ ਨੂੰ ਅਨੁਕੂਲ ਸਮੇਂ ਅਪਣਾਏ ਗਏ ਸਾਧਨਾਂ ਦੀ ਵਖਰੇਵਾਂ ਆਖਰ ਤੱਕ ਸਮਾਜ ਦਾ ਸਭਿਆਚਾਰ ਵੀ ਵੱਧ ਤੋਂ ਵੱਧ ਹੋ ਗਿਆ ਹੈ ਅਤੇ ਇਹੋ ਵਖਰੇਵਾਂ ਆਖਰ ਉਸ ਸਮਾਜ ਦੀ ਪਛਾਣ ਬਣ ਗਿਆ ਹੈ। ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਸੰਸਕ੍ਰਿਤੀ ਅਤੇ ਸਭਿਆਚਾਰ ਦਾ ਆਰੰਭ ਆਰਿਆ ਲੋਕਾਂ ਨਾਲ ਉਦੋਂ ਹੁੰਦਾ ਹੈ, ਜਦੋਂ ਉਹ ਭਾਰਤੀ ਭੂਖੰਡ ਵਿੱਚ ਆ ਕੇ ਦਰਾਵੜੀ ਸੰਸਕ੍ਰਿਤੀ ਨੂੰ ਆਪਣੇ ਨਾਲ ਮਿਲਾ ਲੈਂਦੇ ਹਨ। ਇਸ ਸੰਯੋਗ ਨਾਲ ਜੋ ਰੂਪ ਉਘੜਦਾ ਹੈ, ਉਹੀ ਭਾਰਤੀ ਸੰਸਕ੍ਰਿਤੀ ਦਾ ਪ੍ਰਾਚੀਨ ਰੂਪ ਹੈ, ਜਿਸ ਦੀ ਅਭਿਵਿਅਕਤੀ ਸਭ ਤੋਂ ਪਹਿਲਾਂ ਪ੍ਰਾਚੀਨ ਸਾਹਿਤ ਰਿਗਵੇਦ ਵਿੱਚ ਹੋਈ ਹੈ।"

**ਅਧਿਆਤਮ ਅਤੇ ਸੰਗੀਤ ਕਲਾ:**

ਭਾਰਤ ਦੀ ਪਾਵਨ ਧਰਤੀ ਤੇ ਸਮੇ-ਸਮੇਂ ਅਨੁਸਾਰ ਪੈਦਾ ਹੋਏ ਵਿਭਿੰਨ ਧਰਮਾਂ ਨਾਲ ਸੰਗੀਤ ਕਲਾ ਦਾ ਵੀ ਗਹਿਰਾ ਸੰਬੰਘ ਰਿਹਾ ਹੈ। ਭਾਰਤ ਦੇ ਮਿੱਥਿਹਾਸਕ, ਇਤਿਹਾਸਕ ਗ੍ਰੰਥਾਂ ਵਿੱਚ ਸੰਗੀਤ ਕਲਾ ਦੇ ਧਾਰਵੀ ਦੇਵੀ-ਦੇਵਤਿਆਂ ਦਾ ਜਿਕਰ ਅਨੇਕ ਰੂਪਾ ਵਿੱਚ ਮਿਲਦਾ ਹੈ। ਧਾਰਮਿਕ ਦ੍ਰਿਸ਼ਟੀਕੋਣ ਅਨੁਸਾਰ, "ਸੰਗੀਤ ਦੀ ਉਤਪੱਤੀ ਵੇਦਾਂ ਦੇ ਰਚਣਹਾਰ ਬ੍ਰਹਮਾ ਦੇ ਮੁੱਖ ਤੋ ਹੋਈ ਜਿਸ ਕਰਕੇ ਸੰਗੀਤ ਨੂੰ 'ਨਾਦ ਬ੍ਰਹਮ' ਵੀ ਕਿਹਾ ਜਾਂਦਾ ਹੈ। ਵੇਦ ਮੰਤਰਾਂ ਨੂੰ ਸਵਰਾਂ 'ਚ ਬੰਨ ਕੇ ਗਾਏ ਜਾਣ ਕਰਕੇ 'ਸਾਮਗਾਨ' ਨੂੰ ਭਾਰਤ ਦੀ ਸਭ ਤੋਂ ਪੁਰਾਤਨ ਗਾਇਨ ਸ਼ੈਲੀ ਮੰਨਿਆ ਜਾਂਦਾ ਹੈ। ਪੰਡਿਤ ਦਾ ਮੋਦਰ ਅਤੇ ਸ਼ਾਰੰਗ ਦੇਵ ਦੇ ਕਥਨ ਅਨੁਸਾਰ, "ਸੰਗੀਤ ਤੋਂ ਭਾਵ ਗਾਇਨ, ਵਾਦਨ ਅਤੇ ਨ੍ਰਿਤ ਤਿੰਨਾ ਕਲਾਵਾਂ ਦੇ ਸੁਮੇਲ ਤੋਂ ਇਸ ਤਰ੍ਹਾਂ ਤਿੰਨਾ ਕਲਾਵਾਂ ਇੱਕ ਦੂਜੇ ਦੀਆਂ ਪੂਰਵਕ ਹਨ।ਹਿੰਦੀ.................

ਇਥੇ ਇਹ ਵੀ ਵਰਣਨਯੋਗ ਹੈ ਕਿ ਉਪਰੋਕਤ ਤਿੰਨਾ ਕਲਾਵਾਂ ਦਾ ਅਧਾਰ ਨਾਦ ਹੈ। ਬ੍ਰਿਹਦੇਸ਼ੀ ਦੇ ਕਰਤਾ ਸਤੰਗ ਪੁਨੀ ਅਨੁਸਾਰ, ਕੋਈ ਵੀ ਗੀਤ, ਸਵਰ, ਨ੍ਰਿਤ ਆਦਿ ਨਾਦ ਤੋਂ ਬਿਨਾ ਨਹੀਂ ਸਮੁੱਚੇ ਜਗਤ ਦਾ ਮੂਲ ਤੱਤ ਨਾਦ ਹੈ। ਅਧਿਆਤਮਿਕ ਦ੍ਰਿਸ਼ਟੀ ਕੋਣ ਅਨੁਸਾਰ ਇਹ ਨਾਦ ਬ੍ਰਹਮਨਾਦਾ ਦੇ ਰੂਪ ਵਿੱਚ ਸਮੁੱਚੀ ਸ੍ਰਿਸ਼ਟੀ ਵਿੱਚ ਵਿਆਪਕ ਹੈ। ਸਗੀਤ ਵਿਦਮਾਨਾਂ ਅਨੁਸਾਰ ਸੰਗੀਤ ਦੀ ਉਤਪੱਤੀ ਦਾ ਅਧਾਰ ਬ੍ਰਹਮਾ ਜੀ ਹਨ ਪਰ ਉਨ੍ਹਾਂ ਨੇ ਅਧਿਆਤਮਿਕ ਸ਼ਕਤੀ ਦੁਆਰਾ ਇਹ ਸੰਗੀਤ ਕਲਾ ਭਗਵਾਨ ਸ਼ਿਵ ਨੂੰ ਅਤੇ ਭਗਵਾਲ ਸ਼ਿਵ ਨੇ ਅੱਗੇ ਮਾਤਾ ਸਰਸਵਤੀ ਜੀ ਨੂੰ ਪ੍ਰਦਾਨ ਕੀਤੀ। ਸੰਗੀਤ ਕਲਾ ਨਾਦ ਪ੍ਰਘਾਨ ਕਲਾ ਹੈ। ਜਿਸ ਵਿੱਚ 'ਓਮ' ਸ਼ਬਦ ਨੂੰ ਇਸ ਦਾ ਬੀਜ ਅੰਤਰ ਮੰਨਿਆ ਜਾਂਦਾ ਹੈ। ਉਮ ਸ਼ਬਦ ਦੇ ਉਚਾਰਣ ਤੋਂ ਮਨੁੱਖ ਦੇ ਅੰਦਰ ਅਧਿਆਤਮਿਕ ਊਰਜਾ ਦਾ ਸੰਚਾਰ ਹੁੰਦਾ ਹੈ। ਵੈਦਿਕ ਸੰਗੀਤ ਦਾ ਅਧਿਆਤਮਿਕਤਾ ਨਾਲ ਗਹਿਰਾ ਸੰਬੰਧ ਆਦਿ ਕਾਲ ਤੋਂ ਹੀ ਰਿਹਾ ਹੈ। ਆਤਮਾ ਨੂੰ ਬ੍ਰਿਮਾ ਦਾ ਸਰੂਪ ਮੰਨਿਆ ਗਿਆ ਹੈ ਅਤੇ ਆਤਮ ਅਤੇ ਪ੍ਰਮਾਤਮਾ ਦੇ ਵਿਚਕਾਰ ਅਧਿਆਤਮ ਹੈ, ਇਸੇ ਅਧਿਆਤਮਿਕਤਾ ਦੇ ਵਿਕਾਸ ਦਾ ਸਾਧਨ ਸੰਗੀਤ ਨੂੰ ਮੰਨਿਆ ਗਿਆ ਹੈ। ਸੰਗੀਤ ਮਨੁੱਖ ਦੇ ਅੰਤਰ ਮੰਨ ਵਿੱਚ ਆਤਮ ਸਮਰਪਣ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ। ਸਗੀਤ ਮਨੁੱਖ ਦੇ ਅਧਿਆਤਮਿਕ ਸਤੱਰ ਨੂੰ ਵੱਧਾ ਕੇ ਉਸ ਦੇ ਜੀਵਨ ਵਿੱਚ ਆਨੰਦ ਦਾ ਸੰਚਾਰ ਕਰਦਾ ਹੈ। ਭਾਰਤੀ ਸੰਗੀਤ ਦਾ ਮੂਲ ਰੂਪ ਹੀ ਅਧਿਆਤਮਿਕ ਹੈ। ਭਾਰਤੀ ਸੰਗੀਤ ਨੂੰ ਇਸ਼ਵਰ ਪ੍ਰਾਪਤੀ ਦਾ ਸਾਧਨ ਮੰਨਿਆ ਜਾਂਦਾ ਹੈ। ਭਾਰਤੀ ਸੰਗੀਤ ਦਾ ਉਦੇਸ਼ ਮਨੁੱਖੀ ਮਨ ਦੀ ਚੰਚਲਤਾ ਨੂੰ ਹਟਾ ਕੇ ਇਸ਼ਵਰ ਦੀ ਅਰਾਧਨਾ ਵਿੱਚ ਲਗਾਉਣਾ ਹੈ। ਸੰਗੀਤ ਕਲਾ ਮਨੁੱਖੀ ਜੀਵਨ ਨੂੰ ਅਧਿਆਤਮਿਕ ਦੇ ਸ਼ਿਖਰ ਤੱਕ ਲੈ ਜਾਉਣ ਦਾ ਕਾਰਜ ਕਰਦੀ ਹੈ।

**ਸੰਸਕ੍ਰਿਤੀ ਅਤੇ ਧਰਮ**

ਵਿਸ਼ਵ ਤੇ ਸਮੂਹ ਦੇਸ਼ਾ ਦੀ ਆਪੋ-ਆਪਦੀ ਸੰਸਕ੍ਰਿਤੀ ਹੈ ਅਤੇ ਉਹ ਹਰ ਦੇਸ਼ ਨਾਲ ਸੰਬੰਧਿਤ ਲੋਕਾਂ ਲਈ ਮਹੱਤਵ ਪੂਰਵ ਹੈ। ਵਿਸ਼ਵ ਦੀ ਸਭ ਤੋਂ ਪੁਰਾਣੀ ਸੰਸਕ੍ਰਿਤੀ ਭਾਰਤੀ ਸੰਸਕ੍ਰਿਤੀ ਵਿੱਚ ਧਰਮ ਨੂੰ ਬਹੁਤ ਹੀ ਅਹਿਮ ਸਥਾਨ ਹਾਸਿਲ ਹੈ। ਮਨੁੱਖੀ ਜੀਵਨ ਵਿੱਚ ਧਰਮ ਅਹਿਮ ਭੂਮਿਕਾ ਨਿਭਾਉਂਦਾ ਹੈ। ਲਗਭਗ ਹਰੇਕ ਮਨੁੱਖੀ ਕਿਰਿਆ ਵਿੱਚ ਧਰਮ ਸੁਚੇਤ ਜਾਂ ਅਚੇਤ ਰੂਪ ਵਿੱਚ ਕਾਰਜਸ਼ੀਲ ਹੁੰਦਾ ਹੈ। ਪ੍ਰਾਚੀਨ ਕਾਲ ਤੋਂ ਹੀ ਮਨੁੱਖ ਹੀ ਆਗਿਆਤ ਸ਼ਕਤੀਆਂ ਨੂੰ ਜਾਨਣ ਦੀ ਲਾਲਸਾ ਰਹੀ ਹੈ, ਅਜਿਹਾ ਮੰਨਿਆ ਜਾਂਦਾ ਹੈ ਕਿ ਮਨੁੱਖ ਦੀ ਅਜਿਹੀ ਸੋਚ ਨੇ ਹੀ 'ਧਰਮ' ਨੂੰ ਜਨਮ ਦਿੱਤਾ। ਪੁਰਾਤਤਵ ਵਿਗਿਆਨੀ ਅਤੇ ਮਾਨਵ ਵਿਗਿਆਨੀ ਇਸ ਸਿੱਟੇ ਦੇ ਪਹੁੰਚੇ ਹਨ ਕਿ ਅੱਜ ਤੋਂ ਲੱਖਾ ਸਾਲ ਪਹਿਲਾਂ ਵੱਸਣ ਵਾਲੇ ਸਾਡੇ ਪੂਰਵਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਪਰਾਲੌਕਿਕ ਸ਼ਕਤੀਆਂ ਦੀ ਪੂਜਾ ਕਰਦੇ ਸਨ। ਐਫ. ਸੈਕਸਮੂਲਰ ਅਨੁਸਾਰ ਜਦੋਂ ਤੋਂ ਹੀ ਮਨੁੱਖ ਦੇ ਭਾਵਾਂ ਦੇ ਵਿਚਾਰਾਂ ਬਾਰੇ ਕੁਝ ਜਾਣਕਾਰੀ ਮਿਲਦੀ ਹੈ, ਉਦੋਂ ਤੋਂ ਹੀ ਪਤਾ ਲੱਗਦਾ ਹੈ ਕਿ ਉਸਦਾ ਧਰਮ ਹਇ ਸੀ, ਸਗੋਂ ਉਹ ਧਰਮ ਦੇ ਵਸ

Vol.9, No.2, July-Dec.2020

ਵਿੱਚ ਸੀ। ਜਿਹਨਾਂ ਨੇ ਪ੍ਰਾਚੀਨ ਗ੍ਰੰਥ ਰਚੇ ਗਏ ਹਨ, ਉਹ ਲਗਭਗ ਸਾਰੇ ਧਰਮ ਭਾਵਨਾ ਵਾਲੇ ਹਨ। ਧਰਮ ਮਨੁੱਖ ਦੀ ਅੰਤਰ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਸਭ ਤੋਂ ਵੱਡਾ ਸਾਧਨ ਹੈ ਅਤੇ ਧਰਮ ਜੀਵਨ ਦੇ ਅਸਲੀ ਉਦੇਸ਼ ਅਤੇ ਅਰਥ ਨੂੰ ਸਮਝਣ ਵਿੱਚ ਮਦਦਗਾਰ ਹੁੰਦਾ ਹੈ। ਧਰਮ ਸੰਸਕ੍ਰਿਤੀ ਦੀ ਮੂਲ ਆਤਮਾ ਹੈ, ਧਰਮ ਅਸਲ ਵਿੱਚ ਸੱਚੀ ਦੀ ਖੋਜ ਨੂੰ ਮੰਨਿਆ ਜਾਂਦਾ ਹੈ।

ਧਰਮ ਲਗਾਤਾਰ ਅੱਗੇ ਵੱਧਦਾ ਜਾਂਦਾ ਹੈ, ਧਰਮ ਨਾਲ ਮਨੁੱਖ ਵਿੱਚ ਉਰਜਾ ਦਾ ਸੰਚਾਰ ਹੁੰਦਾ ਹੈ। ਧਰਮ ਮਨੁੱਖ ਨੂੰ ਬ... ਦਾ ਕੰਮ ਕਰਦਾ ਹੈ। ਧਰਮ ਦਾ ਖੇਤਰ ਬੜਾ ਵਿਸ਼ਾਲ ਹੁੰਦਾ ਹੈ। ਧਰਮ ਹਰ ਏਕ ਸਮਾਜ ਦਾ ਇੱਕ ਅਟੁੱਟ ਅਤੇ ਜ਼ਰੂਰੀ ਹਿੱਸਾ ਹੈ। ਧਰਮ ਮਾਨਵ ਅਨੁਭਵ ਅਤੇ ਗਿਆਨ ਨਾਲ ਸੰਬੰਧਿਤ ਇੱਕ ਅਜਿਹਾ ਸ਼ਬਦ ਹੈ ਜੋ ਅਨੇਕ ਵਿਆਖਿਆਵਾਂ ਵਿੱਚੋਂ ਗੁਜ਼ਰਦਾ ਹੋਇਆ, ਅਜੋਕੇ ਸਮੇਂ ਤੱਕ ਪਹੁੰਚਾਇਆ ਕਿਸੇ ਵੀ ਅਰਥ ਨਾਲ ਜੁੜਕੇ ਅਨੇਕ ਅਰਥਾਂ ਦਾ ਬੋਧਕ ਬਣ ਗਿਆ ਹੈ। ਕੁਝ ਵਿਦਵਾਨਾਂ ਨੇ ਅੰਗਰੇਜ਼ੀ ਦੇ ਸ਼ਬਦ ਰਿਲੀਜਨ (Religion) ਨੂੰ ਧਰਮ ਦਾ ਸਮਾਨ ਅਰਥੀ ਮੰਨਿਆ ਹੈ।

**ਹਵਾਲੇ**

1. ਬ੍ਰਿਹਤ ਹਿੰਦੀ ਕੋਸ਼, (ਸੰਪਾ.), ਕਾਲਿਕਾ ਪ੍ਰਸਾਦ, 2001, ਪੰਨਾ-1178
2. ਹਿੰਦੀ ਪੰਜਾਬੀ ਕੋਸ਼, ਭਾਸ਼ਾ ਵਿਭਾਗ, ਪੰਜਾਬ, 2001, ਪੰਨਾ-971.
3. ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼, (ਸੰਪਾ.), ਗੁਲਵੰਤ ਸਿੰਘ ਤੇ ਹੋਰ, 1983, ਪੰਨਾ-49.
4. ਪੰਜਾਬੀ ਅੰਗਰੇਜ਼ੀ ਕੋਸ਼, (ਸੰਪਾ.), ਐਸ.ਐਸ.ਜੋਸ਼ੀ ਤੇ ਹੋਰ, 1994, ਪੰਨਾ-3.
5. ਜੇ.ਕੇ. ਖੋਪੜਾ (ਸੰਪਾ.), ਭਾਰਤੀ ਕਲਾ ਏਵਮ ਸੰਸਕ੍ਰਿਤੀ, 2012, ਪੰਨਾ-4.
6. ਰਾਜ ਕੁਮਾਰ (ਡਾ.) ਭਾਰਤੀ ਸਮਾਜ ਏਵਮ ਸੰਸਕ੍ਰਿਤੀ, ਪੰਨਾ-3.
7. ਉਹੀ, ਪੰਨਾ-3.
8. ਜੇ.ਕੇ. ਖੋਪੜਾ (ਸੰਪਾ.), ਭਾਰਤੀ ਕਲਾ ਏਵਮ ਸੰਸਕ੍ਰਿਤੀ, 2012, ਪੰਨਾ-4.
9. ਕਲਪਨਾ ਗਜਾਗਮ (ਮੁ.ਸਰ), ਭਾਰਤੀਯ, ਸੰਸਕ੍ਰਿਤੀ, 2006, ਪੰਨਾ-1.
10. ਰਾਜ ਕੁਮਾਰ (ਡਾ.) ਭਾਰਤੀ ਸਮਾਜ ਏਵਮ ਸੰਸਕ੍ਰਿਤੀ, ਪੰਨਾ-2.
11. ਕਲਪਨਾ ਗਜਾਗਮ (ਮੁ.ਸਰ), ਭਾਰਤੀਯ, ਸੰਸਕ੍ਰਿਤੀ, 2006, ਪੰਨਾ-1.
12. ਰਾਜ ਕੁਮਾਰ (ਡਾ.) ਭਾਰਤੀਯ ਸਮਾਜ ਏਵਮ ਸੰਸਕ੍ਰਿਤੀ, ਪੰਨਾ-
13. ਰਾਜ ਕੁਮਾਰ (ਡਾ.), ਭਾਰਤੀਯ ਸਮਾਜ ਏਵਮ ਸੰਸਕ੍ਰਿਤੀ, ਪੰਨਾ-4.
14. ਉਹੀ, ਪੰਨਾ-5.
15. ਪ੍ਰਸਨ ਕੁਮਾਰ ਅਚਾਰਿਆ (ਡਾ.), ਭਾਰਤੀਯ ਸੰਸਕ੍ਰਿਤੀ ਅਤੇ ਸਭਿਅਤਾ, ਪੰਨਾ-4.
16. Encylopedia of Religious Vol-2 (Ed Mercea Elreable), P.283.
17. ਰਾਜ ਕੁਮਾਰ (ਡਾ.) ਭਾਰਤੀਸ ਸਮਾਜ ਏਵਕ ਸੰਸਕ੍ਰਿਤੀ, ਪੰਨਾ-8.
18. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਾਰ ਮਹਾਨ ਕੋਸ਼, ਪੰਨਾ-56, 97.
19. ਅਸ਼ੋਕ ਕੁਮਾਰ (ਯਮਨ), ਸੰਗੀਤ ਔਰ ਸੰਵਾਦ, ਪੰਨਾ-167.
20. ਜੀਤ ਸਿੰਘ ਜੋਸ਼ੀ (ਡਾ.) ਲੋਕ ਕਲਾ ਅਤੇ ਸਭਿਆਚਾਰ ਮੁੱਢਲੀ ਜਾਣ ਪਛਾਦ, ਪੰਨਾ-47.
21. ਉਹੀ, ਪੰਨਾ-48.
22. ਜੈਮਸ਼ ਐਡਗਰ ਸਵੇਨ, ਵਿਸ਼ਵ ਸੱਭਿਅਤਾ ਦਾ ਇਤਿਹਾਸ, 1993, ਪੰਨਾ-183,183
23. ਭਾਰਤੀ ਸੰਸਕ੍ਰਿਤੀ, (ਸ.) ਕਲਪਨਾ ਰਾਜਾ ਰਾਮ, ਪੰਨਾ-143.
24. ਪੰਡਿਤ ਦਾਮੋਦਰ, ਸੰਗੀਤ ਦਰਪਣ, ਪੰਨਾ-11.
25. ਉਹੀ, ਪੰਨਾ-11
26. ਸੀਮਾ ਜੋਹਰੀ (ਡਾ.) ਭਾਰਤੀਯ ਸੰਗੀਤ, ਪੰਨਾ-38.
27. ਉਹੀ, ਪੰਨਾ-38.

Vol.9, No.2, July-Dec.2020